# ਪੰਜਾਬੀ ਵਿਕਾਸ ਮੰਚ (ਕਾਨੂੰਨੀ)

(ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੀ ਸ਼ਾਖਾ)

ਹਵਾਲਾ ਨੰ: 72-73 ਮਿਤੀ: 17.07.2022


**ਕਾਨੂੰਨੀ ਸਲਾਹਕਾਰ / ਵਕੀਲ**

**ਸ੍ਰੀ ਹਰੀ ਚੰਦ ਅਰੋੜਾ**
ਪੰਜਾਬ ਅਤੇ ਹਰਿਆਣਾ ਹਾਈਕੋਰਟ, ਚੰਡੀਗੜ੍ਹ
ਮੋ.: 98140-13764

**ਸ੍ਰੀ ਹਰੀਸ਼ ਰਾਏ ਢਾਂਡਾ**
ਲੁਧਿਆਣਾ
ਮੋ.: 98141-20300

**ਸ੍ਰੀ ਮਿੱਤਰ ਸੈਨ ਮੀਤ**
ਲੁਧਿਆਣਾ
ਮੋ.: 98556-31777

**ਸੰਚਾਲਕ**

**ਸ੍ਰ ਦਵਿੰਦਰ ਸਿੰਘ ਸੇਖਾ**
ਮੋ.: 98140-70581

**ਪ੍ਰੋ ਇੰਦਰਪਾਲ ਸਿੰਘ**
ਮੋ.: 82838-11912

**ਸ੍ਰ ਸੁਖਇੰਦਰ ਪਾਲ ਸਿੰਘ**
ਮੋ.: +1 (780) 884 0788

**ਸ੍ਰ ਆਰ. ਪੀ. ਸਿੰਘ**
ਮੋ.: 97790 48083


ਸੇਵਾ ਵਿਖੇ

ਚੇਅਰਮੈਨ ਕਮ ਮੈਨੇਜਿੰਗ ਡਾਇਰੈਕਟਰ
ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ
ਪਟਿਆਲਾ।

***ਵਿਸ਼ਾ:*** ਰਾਜ ਭਾਸ਼ਾ ਐਕਟ 1967 ਦੀਆਂ ਵਿਵਸਥਾਵਾਂ ਨੂੰ ਲਾਗੂ ਕਰਦੇ ਹੋਏ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਵੱਲੋਂ (ੳ) ਜਾਰੀ ਕੀਤੇ ਜਾਂਦੇ ਉਪਭੋਗਤਾ ਬਿਲਾਂ ਨੂੰ, (ਅ) ਆਪਣੇ ਸਾਰੇ ਦਫ਼ਤਰੀ ਕੰਮ-ਕਾਜ ਨੂੰ ਅਤੇ (ੲ) ਵਿਭਾਗ ਦੀ ਵੈਬਸਾਈਟ ਉੱਪਰ ਉਪਲਬਧ ਸੂਚਨਾ ਨੂੰ ਪੰਜਾਬੀ ਵਿਚ ਕਰਨ ਲਈ ***ਮੰਗ ਪੱਤਰ।***

ਸ੍ਰੀ ਮਾਨ ਜੀ,

ਪੰਜਾਬੀ ਵਿਕਾਸ ਮੰਚ(ਕਾਨੂੰਨੀ) ਪੰਜਾਬੀ ਭਾਸ਼ਾ ਨੂੰ ਦਰਪੇਸ਼ ਸਮੱਸਿਆਵਾਂ ਨੂੰ ਕਾਨੂੰਨ ਦੀਆਂ ਵਿਵਸਥਾਵਾਂ ਰਾਹੀਂ ਸਲਝਾਉਣ ਲਈ ਸਥਾਪਤ ਕੀਤੀ ਗਈ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੀ ਇਕ ਸ਼ਾਖਾ ਹੈ। ਮੈਂ ਇਸ ਸੰਸਥਾ ਦਾ ਕਾਨੂੰਨੀ ਸਲਾਹਕਾਰ ਹਾਂ।

ਮੰਚ ਵਲੋਂ ਆਪਜੀ ਨੂੰ ਹੇਠ ਲਿਖੀ ਬੇਨਤੀ ਕੀਤੀ ਜਾਂਦੀ ਹੈ।

1. ਆਪ ਜੀ ਦਾ ਧਿਆਨ ਮੇਰੇ ਵੱਲੋਂ ਮਿਤੀ 03 ਫਰਵਰੀ 2019 ਨੂੰ ਉਕਤ ਵਿਸ਼ੇ ਸਬੰਧੀ ਮੁੱਖ ਸਕੱਤਰ, ਪੰਜਾਬ ਸਰਕਾਰ ਨੂੰ ਲਿਖੇ ਪੱਤਰ ਵੱਲ ਦਿਵਾਇਆ ਜਾਂਦਾ ਹੈ। ਇਸ ਪੱਤਰ ਰਾਹੀਂ ਮੇਰੇ ਵੱਲੋਂ 'ਪੰਜਾਬ ਰਾਜ ਭਾਸ਼ਾ ਐਕਟ 1967' ਦੀਆਂ ਵਿਵਸਥਾਵਾਂ ਦਾ ਹਵਾਲਾ ਦੇ ਕੇ ਬੇਨਤੀ ਕੀਤੀ ਗਈ ਸੀ ਕਿ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਵੱਲੋਂ ਜਾਰੀ ਕੀਤੇ ਜਾਂਦੇ ਉਪਭੋਗਤਾ ਬਿਲਾਂ ਨੂੰ ਪੰਜਾਬੀ ਵਿਚ ਜਾਰੀ ਨਹੀਂ ਕੀਤਾ ਜਾਂਦਾ। ਇੰਝ ਨਾ ਕਰਕੇ ਆਪ ਜੀ ਦੀ ਕਾਰਪੋਰੇਸ਼ਨ ਇਸ ਕਾਨੂੰਨ ਦੀਆਂ ਉਲੰਘਣਾਵਾਂ ਕਰ ਰਹੀ ਹੈ। ਇਸੇ ਪੱਤਰ ਰਾਹੀਂ ਮਾਣਯੋਗ ਮੁੱਖ ਸਕੱਤਰ ਸਾਹਿਬ ਦੇ ਇਹ ਵੀ ਧਿਆਨ ਵਿਚ ਲਿਆਂਦਾ ਗਿਆ ਸੀ ਕਿ ਆਪ ਜੀ ਦੀ ਕਾਰਪੋਰੇਸ਼ਨ ਵੱਲੋਂ ਆਪਣਾ ਦਫ਼ਤਰੀ ਕੰਮ ਕਾਜ ਪੰਜਾਬੀ ਭਾਸ਼ਾ ਵਿਚ ਨਹੀਂ ਕੀਤਾ ਜਾਂਦਾ ਅਤੇ ਨਾ ਹੀ ਕਾਰਪੋਰੇਸ਼ਨ ਦੀ ਵੈਬਸਾਈਟ ਤੇ ਉਪਲਬਧ ਸੂਚਨਾ ਪੰਜਾਬੀ ਵਿਚ ਹੈ। ਮੇਰੇ ਵੱਲੋਂ ਮੁੱਖ ਸਕੱਤਰ ਸਾਹਿਬ ਕੋਲੋਂ ਇਹ ਵੀ ਮੰਗ ਕੀਤੀ ਗਈ ਸੀ ਕਿ 'ਪੰਜਾਬ ਰਾਜ ਭਾਸ਼ਾ ਐਕਟ 1967' ਦੀਆਂ ਵਿਵਸਥਾਵਾਂ ਅਧੀਨ ਕਸੂਰਵਾਰ ਮੁਲਾਜ਼ਮਾਂ ਅਤੇ ਅਧਿਕਾਰੀਆਂ ਨੂੰ ਬਣਦੀ ਸਜ਼ਾ ਦਿੱਤੀ ਜਾਵੇ ( ਮੰਗ ਪੱਤਰ ਦਾ ਉਤਾਰਾ ਨੱਥੀ ਹੈ)।

ਹਰੀ ਚੰਦ ਅਰੋੜਾ

3. ਪੰਜਾਬੀ ਭਾਸ਼ਾ ਪਸਾਰ ਭਾਈਚਾਰੇ ਦੇ ਸੰਚਾਲਕਾਂ ਵੱਲੋਂ ਆਰ.ਟੀ.ਆਈ.ਐਕਟ ਅਧੀਨ ਵੱਖ ਵੱਖ ਦਰਖਾਸਤਾਂ ਦਾਇਰ ਕਰਕੇ ਆਪ ਜੀ ਤੋਂ ਬਿਜਲੀ ਦੇ ਬਿਲ ਪੰਜਾਬੀ ਵਿਚ ਕੀਤੇ ਜਾਣ ਬਾਰੇ ਸਥਿਤੀ ਦਾ ਜਾਇਜ਼ਾ ਲੈਣ ਲਈ ਅਰਜ਼ੀਆਂ ਦਿੱਤੀਆਂ ਗਈਆਂ ਸਨ।

(ੳ) ਇਨ੍ਹਾਂ ਦਰਖਾਸਤਾਂ ਦੇ ਜਵਾਬ ਵਿਚ ਆਪ ਜੀ ਦੀ ਕਾਰਪੋਰੇਸ਼ਨ ਦੇ ਅਧਿਕਾਰੀਆਂ ਵੱਲੋਂ ਸੂਚਿਤ ਕੀਤਾ ਗਿਆ ਕਿ ਕਾਰਪੋਰੇਸ਼ਨ ਦੇ ਸਬੰਧਤ ਅਧਿਕਾਰੀਆਂ ਵੱਲੋਂ ਬਿਲ ਜਾਰੀ ਕਰਨ ਵਾਲੀਆਂ ਕੰਪਨੀਆਂ ਨੂੰ, ਅੱਗੋਂ ਤੋਂ ਬਿਲ ਪੰਜਾਬੀ ਵਿਚ ਜਾਰੀ ਕਰਨ ਦੀਆਂ ਹਦਾਇਤਾਂ ਕਾਰਪੋਰੇਸ਼ਨ ਦੇ ਅਧਿਕਾਰੀਆਂ ਵੱਲੋਂ ਫਰਵਰੀ ਅਤੇ ਮਾਰਚ 2019 ਵਿਚ ਲਿਖੇ ਪੱਤਰਾਂ ਰਾਹੀਂ ਕਰ ਦਿੱਤੀਆਂ ਗਈਆਂ ਹਨ। ਇਨ੍ਹਾਂ ਚਿੱਠੀਆਂ ਦੇ ਉਤਾਰੇ ਆਰ.ਟੀ.ਆਈ. ਐਕਟ ਅਧੀਨ ਦਰਖਾਸਤਾਂ ਦੇਣ ਵਾਲੇ ਪ੍ਰਾਰਥੀਆਂ ਨੂੰ ਵੀ ਭੇਜੇ ਗਏ ਸਨ।

(ਅ) ਇਸੇ ਤਰ੍ਹਾਂ ਕਾਰਪੋਰੇਸ਼ਨ ਦੇ ਸੂਚਨਾ ਅਧਿਕਾਰੀ ਵੱਲੋਂ ਸੂਚਿਤ ਕੀਤਾ ਗਿਆ ਕਿ ਕਾਰਪੋਰੇਸ਼ਨ ਦੇ ਸਬੰਧਤ ਅਧਿਕਾਰੀਆਂ ਵੱਲੋਂ ਸਬੰਧਤ ਕੰਪਨੀਆਂ ਨੂੰ ਇਕ ਵਾਰ ਫੇਰ ਯਾਦ ਪੱਤਰ ਜੁਲਾਈ ਅਤੇ ਅਗਸਤ 2019 ਵਿਚ ਭੇਜ ਦਿੱਤੇ ਗਏ ਹਨ। ਹਵਾਲੇ ਲਈ ਇਨ੍ਹਾਂ ਯਾਦ ਪੱਤਰਾਂ ਦੀਆਂ ਨਕਲਾਂ ਦਰਖਾਸਤ ਕਰਤਾਵਾਂ ਨੂੰ ਭੇਜੀਆਂ ਗਈਆਂ ਸਨ।

4. ਕਾਰਪੋਰੇਸ਼ਨ ਦੇ ਅਧਿਕਾਰੀਆਂ ਵੱਲੋਂ ਦਰਖਾਸਤਕਰਤਾਵਾਂ ਨੂੰ, ਕਾਰਪੋਰੇਸ਼ਨ ਅਤੇ ਬਿਲ ਜਾਰੀ ਕਰਨ ਵਾਲੀਆਂ ਕੰਪਨੀਆਂ ਵਿਚਕਾਰ ਹੋਏ ਇਕਰਾਰਨਾਮਿਆਂ ਦੀਆਂ ਨਕਲਾਂ ਵੀ ਭੇਜੀਆਂ ਗਈਆਂ ਸਨ। ਇਨ੍ਹਾਂ ਇਕਰਾਰਨਾਮਿਆਂ ਦੀ ਮੱਦ ਨੰ: 5.12.4.3 ਅਨੁਸਾਰ ਬਿਲ ਜਾਰੀ ਕਰਨ ਵਾਲੀਆਂ ਕੰਪਨੀਆਂ ਨੂੰ ਬਿਜਲੀ ਦੇ ਬਿਲ ਅੰਗਰੇਜ਼ੀ ਦੇ ਨਾਲ-ਨਾਲ ਪੰਜਾਬੀ ਵਿਚ ਵੀ ਕਰਨੇ ਜ਼ਰੂਰੀ ਹਨ।

5. ਆਪਣੇ ਮੰਗ ਪੱਤਰ ਮਿਤੀ 03 ਫਰਵਰੀ 2019 ਰਾਹੀਂ ਮੈਂ ਮੁੱਖ ਸਕੱਤਰ ਸਾਹਿਬ ਤੋਂ ਇਹ ਵੀ ਮੰਗ ਕੀਤੀ ਸੀ ਕਿ ਜੇ ਮੇਰੇ ਮੰਗ ਪੱਤਰ ਵਿਚ ਉਠਾਈਆਂ ਮੰਗਾਂ 15 ਦਿਨਾਂ ਦੇ ਅੰਦਰ-ਅੰਦਰ ਪੂਰੀਆਂ ਨਾ ਕੀਤੀਆਂ ਗਈਆਂ ਤਾਂ ਮੈਨੂੰ ਕਾਨੂੰਨ ਦਾ ਸਹਾਰਾ ਲੈਣਾ ਪਵੇਗਾ।

6. ਖੇਦ ਹੈ ਕਿ ਇਸ ਮੰਗ ਪੱਤਰ ਦੇ ਕਰੀਬ 3.5 ਸਾਲ ਬੀਤ ਜਾਣ ਬਾਅਦ ਵੀ ਕਾਰਪੋਰੇਸ਼ਨ ਵੱਲੋਂ ਆਪਣੇ ਉਪਭੋਗਤਾਵਾਂ ਨੂੰ ਬਿਜਲੀ ਦੇ ਬਿਲ ਕੇਵਲ ਅੰਗਰੇਜ਼ੀ ਭਾਸ਼ਾ ਵਿਚ ਹੀ ਭੇਜੇ ਜਾ ਰਹੇ ਹਨ। ਕਾਰਪੋਰੇਸ਼ਨ ਵੱਲੋਂ ਕੀਤਾ ਜਾਂਦਾ ਸਾਰਾ ਮੁੱਖ ਦਫ਼ਤਰੀ ਕੰਮ-ਕਾਜ (ਜਿਵੇਂ ਕਿ ਇਕਰਾਰਨਾਮੇ ਅਤੇ ਟੈਂਡਰ ਆਦਿ) ਅਤੇ ਕਾਰਪੋਰੇਸ਼ਨ ਵੀ ਵੈਬਸਾਈਟ ਉੱਪਰ ਅੱਧੀ ਤੋਂ ਵੱਧ ਸੂਚਨਾ ਕੇਵਲ ਅੰਗਰੇਜ਼ੀ ਭਾਸ਼ਾ ਵਿਚ ਹੈ।

ਜੀ ਵੀ ਮਲੋਤ੍ਰਾ

ਇਸ ਮੰਗ ਪੱਤਰ ਰਾਹੀਂ ਆਪ ਜੀ ਤੋਂ ਮੁੜ ਮੰਗ ਕੀਤੀ ਜਾਂਦੀ ਹੈ ਕਿ ਕਾਰਪੋਰੇਸ਼ਨ ਵੱਲੋਂ ਪੰਜਾਬ ਰਾਜ ਭਾਸ਼ਾ ਐਕਟ 1967 ਦੀਆਂ ਹਦਾਇਤਾਂ ਦੀ ਇੱਕ ਮਹੀਨੇ ਦੇ ਅੰਦਰ ਅੰਦਰ ਸਖਤੀ ਨਾਲ ਪਾਲਣਾ ਕੀਤੀ ਜਾਵੇ, ਨਹੀਂ ਸਾਨੂੰ ਕਾਨੂੰਨ ਦਾ ਸਹਾਰਾ ਲੈਣ ਲਈ ਮਜਬੂਰ ਹੋਣਾ ਪਵੇਗਾ।

ਵਿਸ਼ਵਾਸ ਪਾਤਰ

(ਵਕੀਲ ਹਰੀ ਚੰਦ ਅਰੋੜਾ)

**ਕਾਨੂੰਨੀ ਸਲਾਹਕਾਰ**

***ਨੱਥੀ:*** ਮਿਤੀ 03 ਫਰਵਰੀ 2019 ਅਤੇ ਮਿਤੀ 31.12.2019

ਉਤਾਰਾ

1. ਮੁੱਖ ਸਕੱਤਰ ਸਹਿਬ, ਪੰਜਾਬ ਸਰਕਾਰ, ਚੰਡੀਗੜ੍ਹ। cs@punjab.gov.in